# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162




## ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਕੁਲਵਿੰਦਰ ਕੌਰ ਥਰਾਜ ਅਤੇ ਜਿਲੇ ਸਿੰਘ ਦੀਆਂ ਪੁਸਤਕਾਂ ਰਿਲੀਜ਼

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 22 ਅਕਤੂਬਰ : ਬੀਤੇ ਦਿਨੀਂ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੀ ਮਾਸਿਕ ਬੈਠਕ ਵਿਚ ਕੁਲਵਿੰਦਰ ਕੌਰ ਥਰਾਜ ਅਤੇ ਜਿਲੇ ਸਿੰਘ ਦੀਆਂ ਪੁਸਤਕਾਂ ਰਿਲੀਜ਼ ਕੀਤੀਆਂ ਗਈਆਂ। ਸੀਨੀਅਰ ਸਿਟੀਜ਼ਨ ਸੈਂਟਰ ਸਰੀ ਵਿਖੇ ਹੋਈ ਇਸ ਮੀਟਿੰਗ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨਪ੍ਰਿਤਪਾਲ ਗਿੱਲ, ਦਰਸ਼ਨ ਸੰਘਾ, ਕੁਲਵਿੰਦਰ ਕੌਰ ਥਰਾਜ, ਜਿਲੇ ਸਿੰਘ ਅਤੇ ਪੰਜਾਬ ਤੋਂ ਆਏ ਪੱਤਰਕਾਰ ਅਵਤਾਰ ਸਿੰਘ ਸ਼ੇਰਗਿੱਲ ਨੇ ਕੀਤੀ।





ਮੀਟਿੰਗ ਦੀ ਸ਼ੁਰੂਆਤ ਉੱਘੇ ਦਾਨੀ, ਉਦਯੋਗਪਤੀ ਰਤਨ ਟਾਟਾ ਨੂੰ ਸਭਾ ਵੱਲੋਂ ਸ਼ਰਧਾਂਜਲੀ ਦੇਣ ਨਾਲ਼ ਹੋਈ। ਉਪਰੰਤ ਜਿਲੇ ਸਿੰਘ ਦੀ ਅੰਗ੍ਰੇਜ਼ੀ ਦੀ ਪੁਸਤਕ " Truths of life" ਉੱਪਰ ਪ੍ਰਿਤਪਾਲ ਗਿੱਲ, ਅਮਰ ਓਛਾਨੀ, ਡਾ. ਪ੍ਰਿਥੀਪਾਲ ਸਿੰਘ ਸੋਹੀ, ਪ੍ਰੋ. ਕਸ਼ਮੀਰਾ ਸਿੰਘ, ਇੰਦਰਜੀਤ ਸਿੰਘ ਧਾਮੀ, ਕਵਿੰਦਰ ਚਾਂਦ ਤੇ ਅਮਰੀਕ ਪਲਾਹੀ ਅਤੇ ਕੁਲਵਿੰਦਰ ਕੌਰ ਥਰਾਜ ਦੀ ਪੁਸਤਕ 'ਤੂੰ ਮੈਨੂੰ ਮੈਂ ਹੀ ਰਹਿਣ ਦੇ' ਉੱਪਰ ਪ੍ਰਿਤਪਾਲ ਗਿੱਲ ਅਤੇ ਪ੍ਰੋ. ਹਰਿੰਦਰ ਕੌਰ ਸੋਹੀ ਨੇ ਪਰਚੇ ਪੜ੍ਹੇ। ਜਿਲੇ ਸਿੰਘ ਅਤੇ ਕੁਲਵਿੰਦਰ ਕੌਰ ਥਰਾਜ ਨੇ ਆਪਣੀਆਂ ਪੁਸਤਕਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਉਪਰੰਤ ਰਸਮੀ ਤੌਰ 'ਤੇ ਦੋਵੇਂ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ।

ਇਸ ਮੌਕੇ ਹੋਏ ਕਵੀ ਦਰਬਾਰ ਵਿਚ ਸਭਾ ਦੇ ਮੈਂਬਰਾਂ, ਸਥਾਨਕ ਕਵੀਆਂ ਅਤੇ ਆਏ ਮਹਿਮਾਨਾਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਸਭਾ ਵੱਲੋਂ ਕਵਿੱਤਰੀ ਕੁਲਵਿੰਦਰ ਕੌਰ ਥਰਾਜ, ਜਿਲੇ ਸਿੰਘ ਅਤੇ ਪੰਜਾਬ ਤੋਂ ਆਏ ਪੱਤਰਕਾਰ ਅਵਤਾਰ ਸਿੰਘ ਸ਼ੇਰਗਿੱਲ ਨੂੰ ਸਨਮਾਨਿਤ ਕੀਤਾ ਗਿਆ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਸੁਰਜੀਤ ਸਿੰਘ ਮਾਧੋਪੁਰੀ, ਅਮਰੀਕ ਸਿੰਘ ਲੇਲ੍ਹ, ਹਰਸ਼ਰਨ ਕੌਰ, ਗੁਰਮੀਤ ਸਿੰਘ ਸਿੱਧੂ , ਸੁੱਚਾ ਸਿੰਘ ਕਲੇਰ, ਸੁਰਜੀਤ ਸਿੰਘ ਬਾਠ, ਜਸਵਿੰਦਰ ਕੌਰ ਬਾਠ, ਚਮਕੌਰ ਸਿੰਘ ਸੇਖੋਂ, ਤਰਲੋਚਨ ਸਿੰਘ (ਤਰਨ -ਤਾਰਨ), ਸੋਹਣ ਸਿੰਘ ਜੌਹਲ, ਬੇਅੰਤ ਸਿੰਘ ਢਿੱਲੋਂ, ਕੈਪਟਨ ਜੀਤ ਮਹਿਰਾ, ਰਾਜਦੀਪ ਸਿੰਘ ਤੂਰ, ਗਿਆਨ ਸਿੰਘ ਕੋਟਲੀ, ਸੁਖਵੀਰ ਕੌਰ, ਨਰਿੰਦਰ ਬਾਹੀਆ, ਅਜਾਇਬ ਸਿੰਘ ਜੌਹਲ, ਮਲਕੀਤ ਸਿੰਘ ਖੰਗੂੜਾ, ਤਰਲੋਕ ਸਿੰਘ ਬਸਰਾ, ਗੋਡਾ ਸਿੰਘ ਬਾਹੀਆ, ਦਰਸ਼ਨ ਸਿੰਘ ਸੰਧੂ, ਗੁਰਮੇਲ ਧਾਲੀਵਾਲ, ਹਰਚੰਦ ਸਿੰਘ ਗਿੱਲ, ਗੁਰਚਰਨ ਸਿੰਘ ਬਰਾੜ, ਕੁਲਦੀਪ ਸਿੰਘ ਜਗਪਾਲ, ਗੁਰਦਰਸ਼ਨ ਸਿੰਘ ਮਠਾੜੂ ,ਰਣਧੀਰ ਢਿੱਲੋਂ, ਜਸਪਾਲ ਸਿੰਘ ਜੌਹਲ, ਗੀਤਾ ਸ਼ਰਮਾ, ਕੋਮਲ ਓਛਾਨੀ, ਪਰਦੀਪ ਸ਼ਰਮਾ, ਦਵਿੰਦਰ ਮਾਂਗਟ, ਸੁਰਜੀਤ ਸਿੰਘ ਬਰਾੜ, ਬਲਵਿੰਦਰ ਸਿੰਘ ਸਰਾਏ, ਬਲਬੀਰ ਸਿੰਘ ਸੰਘਾ, ਨਰਿੰਦਰ ਸਿੰਘ ਪੰਨੂ, ਕਸ਼ਮੀਰ ਸਿੰਘ ਉੱਪਲ, ਪੁਸ਼ਪਿੰਦਰ ਕੌਰ, ਹਰਬੰਸ ਕੌਰ ਬੈਂਸ, ਹਰਬੰਸ ਸਿੰਘ ਅਖਾੜਾ ਜਗਰਾਂਉ, ਮਨਜੀਤ ਸਿੰਘ ਮੱਲ੍ਹਾ ਅਤੇ ਨਿਰਮਲ ਗਿੱਲ ਨੇ ਸ਼ਾਮਲ ਸਨ।

ਅੰਤ ਵਿੱਚ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਮਾਗਮ ਵਿਚ ਹਾਜਰ ਸਭਨਾਂ ਸ਼ਖ਼ਸੀਅਤਾਂ ਅਤੇ ਵਿਸ਼ੇਸ਼ ਕਰ ਕੇ ਸਭਾ ਦੀ ਆਰਥਿਕ ਸਹਾਇਤਾ ਕਰਨ ਵਾਲ਼ੇ ਸੁਰਜੀਤ ਸਿੰਘ ਬਾਠ ਅਤੇ ਉਨ੍ਹਾਂ ਦੀ ਪਤਨੀ ਜਸਵਿੰਦਰ ਕੌਰ ਬਾਠ ਦਾ ਧੰਨਵਾਦ ਕੀਤਾ। ਸਟੇਜ ਦੀ ਸੰਚਾਲਨ ਸਭਾ ਦੇ ਸਹਾਇਕ ਸਕੱਤਰ ਦਰਸ਼ਨ ਸੰਘਾ ਨੇ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਕੀਤਾ।

## ਫ਼ਰੀਦਕੋਟ ਪੁਲਿਸ ਵੱਲੋਂ ਪੁਲਿਸ ਦੇ ਡਿਊਟੀ ਦੌਰਾਨ ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾਜਲੀ ਦੇਣ ਲਈ ਪੁਲਿਸ ਕਮੈਮੋਰੇਸ਼ਨ-ਡੇਅ ਦਾ ਕੀਤਾ ਗਿਆ ਆਯੋਜਨ

ਵਰਲਡ ਪੰਜਾਬੀ ਟਾਈਮਜ਼





ਫ਼ਰੀਦਕੋਟ, 22 ਅਕਤੂਬਰ : ਅੱਜ ਪੁਲਿਸ ਯਾਦਗਾਰੀ ਦਿਵਸ ਤੇ ਆਪਣੀ ਡਿਊਟੀ ਦੌਰਾਨ ਸ਼ਹੀਦੀ ਪ੍ਰਾਪਤ ਕਰਨ ਵਾਲੇ ਪੁਲਿਸ ਦੇ ਅਧਿਕਾਰੀਆਂ ਤੇ ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਕਮੈਮੋਰੇਸ਼ਨ-ਡੇਅ ਦਾ ਆਯੋਜਨ ਇਥੋਂ ਦੀ ਪੁਲਿਸ ਲਾਈਨ ਵਿਖੇ ਆਯੋਜਿਤ ਕੀਤਾ ਗਿਆ। ਇਸ ਮੌਕੇ ਸ੍ਰੀ ਅਸ਼ਵਨੀ ਕੁਮਾਰ,ਡੀ.ਆਈ.ਜੀ,ਫ਼ਰੀਦਕੋਟ ਰੇਂਜ਼, ਫ਼ਰੀਦਕੋਟ, ਸ੍ਰੀ ਦਿਨੇਸ਼ ਕੁਮਾਰ ਵਾਧਵਾ ਐਡੀਸ਼ਨਲ ਜਿਲਾ ਅਤੇ ਸ਼ੈਸ਼ਨ ਜੱਜ, ਫਰੀਦਕੋਟ, ਸ੍ਰੀ ਗਗਨਦੀਪ ਸਿੰਘ ਚੀਮਾ, ਡੀ.ਆਈ.ਜੀ, ਬੀ.ਐਸ.ਐਫ, ਕਮਾਂਡੈਟ ਬਲਬੀਰ ਸਿੰਘ ਅਤੇ ਸ੍ਰੀ ਚੰਦਰ ਸ਼ੇਖਰ ਸਿਵਲ ਸਰਜਨ ਵਿਸ਼ੇਸ਼ ਤੌਰ ਤੇ ਹਾਜਰ ਸਨ। ਇਸ ਮੌਕੇ ਆਪਣੇ ਸੰਬੋਧਨ ਵਿੱਚ ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਕਿਹਾ ਕਿ 21 ਅਕਤੂਬਰ ਨੂੰ ਪੂਰੇ ਦੇਸ਼ ਵਿਚ ਪੁਲਿਸ ਡਿਊਟੀ ਦੌਰਾਨ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਅਧਿਕਾਰੀਆਂ ਤੇ ਜਵਾਨਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ। ਜਿਨਾਂ ਨੇ ਦੁਸ਼ਮਣ ਨਾਲ ਲਾਹਾ ਲੈ ਕੇ ਦੇਸ਼ ਦੀ ਅਮਨ ਸ਼ਾਂਤੀ ਅਤੇ ਰਾਖੀ ਲਈ ਆਪਣੀ ਜਾਨ ਤਕ ਕੁਰਬਾਨ ਕਰ ਦਿੱਤੀ। ਸ਼ਹੀਦ ਪੁਲਿਸ ਅਧਿਕਾਰੀਆਂ ਤੇ ਜਵਾਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨਾਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਆਜ਼ਾਦ ਫ਼ਿਜ਼ਾ ਵਿੱਚ ਸਾਹ ਲੈ ਰਹੇ ਹਾਂ। ਉਨਾਂ ਕਿਹਾ ਕਿ ਸ਼ਹੀਦਾਂ ਦੀ ਇਸ ਅਦੁੱਤੀ ਕੁਰਬਾਨੀ ਨੂੰ ਕਦੇ ਵੀ ਨਹੀਂ ਭੁਲਾਇਆ ਜਾ ਸਕਦਾ। ਉਨਾਂ ਕਿਹਾ ਕਿ ਇਨਾਂ ਸ਼ਹੀਦਾਂ ਤੋਂ ਪ੍ਰੇਰਨਾ ਲੈਂਦੇ ਹੋਏ ਸਾਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ। ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਵੱਲੋਂ ਇਸ ਦਿਨ ਦੀ ਮਹੱਤਤਾ ਬਾਰੇ ਅਤੇ ਚੀਨ ਅਤੇ ਲਦਾਖ ਦੇ ਹਮਲੇ ਦੌਰਾਨ ਸ਼ਹੀਦ ਹੋਏ ਪੁਲਿਸ ਕਰਮਚਾਰੀਆਂ/ਅਫਸਰਾਂ ਦੇ ਸਬੰਧ ਵਿੱਚ ਜਾਣੂ ਕਰਵਾਇਆ ਗਿਆ। ਉਨਾਂ ਕਿਹਾ ਕਿ ਇਹ ਸ਼ਹੀਦ ਪੰਜਾਬ ਪੁਲਿਸ ਤੇ ਹੋਰ ਸੁਰੱਖਿਆ ਬਲਾਂ ਲਈ ਹਮੇਸ਼ਾਂ ਚਾਨਣ ਮੁਨਾਰੇ ਵਜੋਂ ਸਾਡੇ ਦਿਲਾਂ ਵਿੱਚ ਰਹਿਣਗੇ ਅਤੇ ਹੋਰਨਾਂ ਪੁਲਿਸ ਜਵਾਨਾਂ ਲਈ ਆਪਣੀ ਡਿਊਟੀ ਹੋਰ ਜਜ਼ਬੇ, ਮਿਹਨਤ ਤੇ ਲਗਨ ਨਾਲ ਕਰਨ ਲਈ ਪ੍ਰੇਰਨਾ ਸਰੋਤ ਹਨ। ਉਨਾਂ ਕਿਹਾ ਕਿ ਸ਼ਹੀਦਾਂ ਦੀ ਇਸ ਲਾਸਾਨੀ ਕੁਰਬਾਨੀ ਸਦਕਾ ਸਮੁੱਚਾ ਦੇਸ਼ ਸ਼ਹੀਦਾਂ ਦੇ ਪਰਿਵਾਰਾਂ ਦਾ ਵੀ ਕਰਜਦਾਰ ਰਹੇਗਾ। ਇਸ ਮੌਕੇ ਸ਼ਹੀਦ ਪਰਿਵਾਰਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ ਅਤੇ ਉਨਾਂ ਨਾਲ ਗੱਲਬਾਤ ਕਰਕੇ ਉਹਨਾਂ ਦੀਆਂ ਦੁੱਖ ਤਕਲੀਫਾਂ ਵੀ ਸੁਣੀਆਂ ਅਤੇ ਮੌਕੇ ਤੇ ਹੀ ਸਬੰਧਿਤ ਵਿਭਾਗ ਨੂੰ ਉਨਾਂ ਦੇ ਹੱਲ ਲਈ ਨਿਰਦੇਸ਼ ਵੀ ਦਿੱਤੇ। ਇਸ ਦੇ ਨਾਲ ਹੀ ਉਹਨਾਂ ਨੇ ਆਗਾਮੀ ਸਮੇਂ ਵਿੱਚ ਵੀ ਅਜਿਹੀਆਂ ਸਮੱਸਿਆਵਾਂ ਦੇ ਤੁਰੰਤ ਹੱਲ ਲਈ ਵਿਸ਼ੇਸ਼ ਯਤਨ ਕਰਨ ਦਾ ਭਰੋਸਾ ਦਿੱਤਾ। ਇਸ ਉਪਰੰਤ ਸ੍ਰੀ ਜਸਮੀਤ ਸਿੰਘ ਸਾਹੀਵਾਲ, ਐਸ.ਪੀ ਫਰੀਦਕੋਟ ਵੱਲੋਂ ਮਿਤੀ 01.09.2023 ਤੋਂ 31.08.2024 ਤੱਕ ਡਿਊਟੀ ਦੌਰਾਨ ਸ਼ਹੀਦ ਹੋਏ ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਦੇ ਨਾਮ ਪੜੇ ਗਏ। ਸ਼ਹੀਦਾਂ ਨੂੰ ਸ਼ਰਧਾਜਲੀ ਦੇਣ ਲਈ ਸ੍ਰੀ ਸਮਸ਼ੇਰ ਸਿੰਘ ਡੀ.ਐਸ.ਪੀ(ਸ) ਫਰੀਦਕੋਟ ਦੀ ਅਗਵਾਈ ਵਿੱਚ ਸ਼ੋਕ ਪਰੇਡ ਹੋਈ। ਇਸ ਉਪਰੰਤ ਸਾਰੇ ਅਫਸਰ ਅਤੇ ਦਰਸ਼ਕਾਂ ਨੇ ਖੜੇ ਹੋ ਕੇ ਸਿਰ ਨੀਵਾ ਕਰਕੇ 02 ਮਿੰਟ ਦਾ ਮੋਨ ਧਾਰਨ ਕੀਤਾ।

## ਜ਼ਿੰਦਗੀ ਜਿਉਣ ਤੇ ਖੂਬਸੂਰਤ ਬਣਾਉਣ ਲਈ ਪਸ਼ੂਆਂ ਦਾ ਅਹਿਮ ਰੋਲ : ਗੁਰਮੀਤ ਸਿੰਘ ਖੁੱਡੀਆਂ

### ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ ਇੱਕ ਸ਼ਲਾਘਾਯੋਗ ਉਪਰਾਲਾ : ਵਿਧਾਇਕ ਮਾਸਟਰ ਜਗਸੀਰ ਸਿੰਘ

### ਪਸ਼ੂਆਂ ਨੂੰ ਮੂੰਹ ਖੁਰ ਦੇ ਟੀਕੇ ਜ਼ਰੂਰ ਲਗਵਾਉਣ ਜ਼ਿਲ੍ਹਾ ਵਾਸੀ : ਡਿਪਟੀ ਕਮਿਸ਼ਨਰ

### ਟੀਕਕਰਨ ਕਰਨ ਵਾਲੀਆਂ ਟੀਮਾਂ ਨੂੰ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ

### ਪਸ਼ੂਆਂ ਦੀਆਂ ਬਿਮਾਰੀਆਂ ਤੋਂ ਜਾਣੂ ਕਰਵਾਉਣ ਲਈ ਪੋਸਟਰ ਰੀਲੀਜ਼

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ





ਬਠਿੰਡਾ, 22 ਅਕਤੂਬਰ : ਜ਼ਿੰਦਗੀ ਜਿਉਣ ਤੇ ਖੂਬਸੂਰਤ ਬਣਾਉਣ ਲਈ ਪਸ਼ੂਆਂ ਦਾ ਅਹਿਮ ਰੋਲਹੁੰਦਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਖੇਤੀਬਾੜੀ ਤੇ ਕਿਸਾਨ ਭਲਾਈ ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਫੂਡ ਪ੍ਰੋਸੈਸਿੰਗ ਮੰਤਰੀ ਸ ਗੁਰਮੀਤ ਸਿੰਘ ਖੁੱਡੀਆਂ ਨੇ ਪਸ਼ੂ ਪਾਲਣ ਵਿਭਾਗ ਵੱਲੋਂ ਪਿੰਡ ਪੂਹਲਾ ਵਿਖੇ ਕਰਵਾਏ ਗਏ ਰਾਜ ਪੱਧਰੀ ਸਮਾਰੋਹ ਦੌਰਾਨ ਪਸ਼ੂਆਂ ਦੇ ਮੂੰਹ ਖੁਰ ਟੀਕਾਕਰਨ ਮੁਹਿੰਮ ਦੀ ਸੁਰੂਆਤ ਕਰਨ ਮੌਕੇ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ ਅਤੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਮੌਕੇ ਪਸ਼ੂ ਪਾਲਣ ਮੰਤਰੀ ਸ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਸ਼ੂਆਂ ਨੂੰ ਮੂੰਹ-ਖੁਰ ਦੀ ਬਿਮਾਰੀ ਤੋਂ ਬਚਾਉਣ ਲਈ 65,47,800 ਖੁਰਾਕਾਂ ਮੁੱਹਈਆ ਕਾਰਵਾਈਆਂ ਗਈਆਂ ਜੋਂ ਕਿ ਬਿਲਕੁਲ ਮੁਫਤ ਲਗਾਈਆਂ ਜਾਣਗੀਆਂ। ਇਸ ਮੁਹਿੰਮ ਨੂੰ ਪੂਰਾ ਕਰਨ ਲਈ ਰਾਜ ਭਰ ਵਿੱਚ 816 ਟੀਮਾਂ ਦਾ ਗਠਨ ਕੀਤਾ ਗਿਆ ਹੈ ਜੋ ਕਿ ਘਰ-ਘਰ ਜਾ ਕੇ ਮੂੰਹ ਖੁਰ ਦਾ ਟੀਕਾਕਰਨ ਕਰਨਗੀਆਂ। ਉਨ੍ਹਾਂ ਕਿਹਾ ਕਿ ਇਹ ਮੁਹਿੰਮ 30 ਨਵੰਬਰ ਤੱਕ ਪੂਰੀ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਇਸ ਵੈਕਸੀਨੇਸ਼ਨ ਨੂੰ ਸਹੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਾਰੀਆਂ ਟੀਮਾਂ ਦੀ ਕੈਪੇਸਿਟੀ ਬਿਲਡਿੰਗ ਟ੍ਰੇਨਿੰਗ ਕਰਵਾਈ ਗਈ ਹੈ। ਕੈਬਨਿਟ ਮੰਤਰੀ ਸ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਰਾਜ ਦੇ ਨਾਨ-ਪਲਾਨ ਬਜ਼ਟ ਅਧੀਨ 3.00 ਕਰੋੜ ਰੁਪਏ ਦੀਆਂ ਦਵਾਈਆਂ ਰਾਜ ਦੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਲਈ ਖਰੀਦੀਆਂ ਜਾ ਚੁੱਕੀਆਂ ਹਨ। ਇਸ ਸਾਲ ਦੌਰਾਨ ਅਸਕੈਡ ਸਕੀਮ ਅਧੀਨ 6.37 ਕਰੋੜ ਰੁਪਏ ਦੇ ਡੀਵਰਮਰ ਵੰਡੇ ਜਾ ਚੁੱਕੇ ਹਨ ਅਤੇ 74 ਲੱਖ ਰੁਪਏ ਦਾ ਸਾਜੋ-ਸਮਾਨ ਪੋਲੀਕਲੀਨਿਕ ਨੂੰ ਅਪਗ੍ਰੇਡ ਕਰਨ ਲਈ ਦਿੱਤਾ ਜਾ ਚੁੱਕਾ ਹੈ। ਰਾਜ ਦੇ ਗਊ ਧੰਨ ਨੂੰ ਲੰਪੀ ਸਕਿਨ ਬਿਮਾਰੀ ਨਾਲ ਨਜਿੱਠਣ ਦੌਰਾਨ 1.61 ਕਰੋੜ ਰੁਪਏ ਦੀਆਂ ਦਵਾਈਆਂ ਰਾਜ ਦੇ ਹਸਪਤਾਲਾਂ ਵਿਚ ਮੁੱਹਈਆ ਕਰਵਾਈਆਂ ਗਈਆਂ ਸਨ ਇਸ ਤੋਂ ਇਲਾਵਾ ਹੁਣ ਤਕ ਰਾਜ ਦੇ ਸਾਰੇ ਗਊ ਧੰਨ ਨੂੰ ਲੰਪੀ ਸਕਿਨ ਬਿਮਾਰੀ ਤੋਂ ਬਚਾਅ ਵਾਸਤੇ ਤਿੰਨ ਵਾਰ ਮੁਫਤ ਟੀਕਾਕਰਨ ਕੀਤਾ ਜਾ ਚੁੱਕਾ ਹੈ।

ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪਸ਼ੂ ਪਾਲਕਾਂ ਨੂੰ ਖੇਤੀਬਾੜੀ ਦੇ ਨਾਲ-ਨਾਲ ਪਸ਼ੂ ਪਾਲਣ ਧੰਦੇ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਦਿਆਂ ਕਿਹਾ ਕਿ ਪਸ਼ੂਧਨ ਵਧਾਉਣ ਦੇ ਨਾਲ-ਨਾਲ ਆਪਣੀ ਆਮਦਨ ਵਿੱਚ ਵੀ ਵਾਧਾ ਕਰ ਸਕਦੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਪਸ਼ੂ ਪਾਲਣ ਵਿਭਾਗ ਵਿੱਚ 300 ਡਾਕਟਰ ਭਰਤੀ ਕੀਤੇ ਜਾ ਚੁੱਕੇ ਹਨ ਜੋ ਕਿ ਜਲਦੀ ਹੀ ਆਪਣੀਆਂ ਸੇਵਾਵਾਂ ਸ਼ੁਰੂ ਕਰਨਗੇ।ਇਸ ਮੌਕੇ ਵਿਧਾਇਕ ਭੁੱਚੋ ਮੰਡੀ ਮਾਸਟਰ ਜਗਸੀਰ ਸਿੰਘ ਨੇ ਸੂਬਾ ਸਰਕਾਰ ਵੱਲੋਂ ਪਸ਼ੂ ਪਾਲਕਾਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਸ਼ੁਰੂ ਕੀਤੀ ਗਈ ਮੁਹਿੰਮ ਦੀ ਸ਼ਲਾਘਾ ਕੀਤੀ। ਇਸ ਮੌਕੇ ਉਨ੍ਹਾਂ ਪਸ਼ੂ ਪਾਲਕਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਇਸ ਮੁਹਿੰਮ ਵਿੱਚ ਵੱਧ ਤੋਂ ਵੱਧ ਤਾਇਨਾਤ ਕੀਤੀਆਂ ਟੀਮਾਂ ਦਾ ਸਹਿਯੋਗ ਦਿੱਤਾ ਜਾਵੇ ਅਤੇ ਆਪੋ-ਆਪਣੇ ਪਸ਼ੂ ਧਨ ਨੂੰ ਵੈਕਸੀਨੇਸ਼ਨ ਕਰਵਾਉਣੀ ਲਾਜ਼ਮੀ ਬਣਾਈ ਜਾਵੇ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਇਸ ਮੁਹਿੰਮ ਨੂੰ ਨੇਪਰੇ ਚਾੜ੍ਹਨ ਲਈ ਜ਼ਿਲ੍ਹੇ ਵਿੱਚ 53 ਟੀਮਾਂ ਦਾ ਗਠਨ ਕੀਤਾ ਗਿਆ ਹੈ ਤਾਂ ਜੋ ਵੈਕਸੀਨੇਸ਼ਨ ਦਾ ਕੰਮ ਸੁਚੱਜੇ ਢੰਗ ਨਾਲ ਪੂਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਪਸ਼ੂ ਪਾਲਣ ਵਿਭਾਗ ਵੱਲੋਂ ਵੱਖ-ਵੱਖ ਸਕੀਮਾਂ ਤੇ ਸਹੂਲਤਾਂ ਮੁਹੱਈਆ ਕਰਵਾਉਣ ਲਈ 87 ਪਸ਼ੂ ਹਸਪਤਾਲ ਤੇ 87 ਪਸ਼ੂ ਡਿਸਪੈਂਸਰੀਆਂ ਤੇ ਸ਼ਹਿਰ 'ਚ ਇਕ ਵੈਟਰਨਰੀ ਪੋਲੀਕਲੀਨਿਕ ਸੁੱਚਜੇ ਢੰਗ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਓਪੀਡੀ ਤੇ ਟੈਸਟ ਟਾਰਗੇਟ ਪੂਰੇ ਕਰਨ 'ਚ ਬਠਿੰਡਾ ਪੋਲੀਕਲੀਨਿਕ ਰਾਜ ਭਰ ਵਿੱਚ ਦੂਜੇ ਸਥਾਨ 'ਤੇ ਹੈ।

ਡਿਪਟੀ ਕਮਿਸ਼ਨਰ ਨੇ ਪਸ਼ੂ ਪਾਲਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੂੰਹ ਖੁਰ ਦਾ ਟੀਕਾ ਲਗਵਾਉਣ ਨਾਲ ਪਸ਼ੂ ਇੱਕ ਦੋ ਦਿਨ ਦੁੱਧ ਘੱਟ ਦਿੰਦਾ ਹੈ ਜਿਸ ਦਾ ਘਾਟਾ ਅਸੀਂ ਝਲ ਸਕਦੇ ਹਾਂ, ਪਰ ਵੈਕਸੀਨੇਸ਼ਨ ਨਾ ਲਗਵਾਉਣ ਕਾਰਨ ਪਸ਼ੂ ਨੂੰ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਨਹੀਂ ਬਚਾਇਆ ਜਾ ਸਕਦਾ। ਇਸ ਮੌਕੇ ਉਨ੍ਹਾਂ ਪਸ਼ੂ ਪਾਲਕਾਂ ਨੂੰ ਕਿਹਾ ਕਿ ਪਸ਼ੂਧਨ ਨੂੰ ਵੈਕਸੀਨੇਸ਼ਨ ਕਰਵਾਉਣੀ ਲਾਜ਼ਮੀ ਬਣਾਈ ਜਾਵੇ।ਪਸ਼ੂ ਪਾਲਣ ਵਿਭਾਗ ਦੇ ਨਿਰਦੇਸ਼ਕ ਡਾ ਗੁਰਸ਼ਰਨ ਸਿੰਘ ਬੇਦੀ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਪਸ਼ੂ ਪਾਲਣ ਵਿਭਾਗ ਵੱਲੋਂ ਗਲਗੋਟੂ ਬਿਮਾਰੀ ਤੋਂ ਪਸ਼ੂਆਂ ਨੂੰ ਬਚਾਉਣ ਲਈ 3,31,200 ਖੁਰਾਕਾਂ ਇਸ ਸਾਲ ਦੌਰਾਨ ਲਗਾ ਦਿੱਤੀਆਂ ਗਈਆਂ ਹਨ ਤੇ ਪਸ਼ੂਆਂ ਨੂੰ ਲੰਪੀ ਸਕਿਨ ਬੀਮਾਰੀ ਤੋਂ ਬਚਾਉਣ ਲਈ ਜ਼ਿਲ੍ਹੇ 'ਚ ਸਾਰੇ ਗਊਵੰਸ਼ ਦਾ ਟੀਕਾਕਰਨ ਵੀ ਕਰ ਦਿੱਤਾ ਗਿਆ ਹੈ। ਇਸ ਮੌਕੇ ਉਨ੍ਹਾਂ ਪਸ਼ੂ ਪਾਲਣ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਵੱਖ-ਵੱਖ ਸਕੀਮਾਂ ਬਾਰੇ ਪਸ਼ੂ ਪਾਲਕਾਂ ਨਾਲ ਜਾਣਕਾਰੀ ਸਾਂਝੀ ਕੀਤੀ।

ਇਸ ਤੋਂ ਪਹਿਲਾ ਕੈਬਨਿਟ ਮੰਤਰੀ ਸ ਗੁਰਮੀਤ ਸਿੰਘ ਖੁੱਡੀਆਂ ਨੇ ਪਸ਼ੂਆਂ ਦੇ ਮੂੰਹ ਖੁਰ ਟੀਕਾਕਰਨ ਮੁਹਿੰਮ ਦੀ ਸੁਰੂਆਤ ਮੌਕੇ ਪਿੰਡ ਪੂਹਲਾ ਦੇ ਸਿਵਲ ਪਸ਼ੂ ਹਸਪਤਾਲ ਵਿਖੇ ਟੀਮਾਂ ਨੂੰ ਰਵਾਨਾ ਕੀਤਾ। ਇਸ ਦੌਰਾਨ ਪਹੁੰਚੀਆਂ ਵੱਖ-ਵੱਖ ਸ਼ਖ਼ਸ਼ੀਅਤਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਪਸ਼ੂਆਂ ਦੀ ਬਿਮਾਰੀਆਂ ਤੋਂ ਜਾਣੂ ਕਰਵਾਉਣ ਲਈ ਪੋਸਟਰ ਵੀ ਰੀਲੀਜ਼ ਕੀਤਾ ਗਿਆ। ਇਸ ਮੌਕੇ ਵਿਧਾਇਕ ਬਲਕਾਰ ਸਿੰਘ ਸਿੱਧੂ ਦੇ ਪਿਤਾ ਸ ਰੂਪ ਸਿੰਘ ਤੇ ਮਾਤਾ ਚਰਨਜੀਤ ਕੌਰ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਡਾ ਜਤਿੰਦਰਪਾਲ ਸਿੰਘ ਸਿੱਧੂ, ਸਹਾਇਕ ਡਾਇਰੈਕਟਰ ਪਸ਼ੂ ਸਿਹਤ ਡਾ ਰਾਜਦੀਪ ਸਿੰਘ, ਪਿੰਡ ਪੂਹਲਾ ਦੀ ਸਰਪੰਚ ਬੀਬਾ ਸੁਮਨਪ੍ਰੀਤ ਕੌਰ ਸਿੱਧੂ ਅਤੇ ਪਿੰਡ ਪੂਹਲੀ ਦੇ ਸਰਪੰਚ ਸ. ਹਰਮਨਦੀਪ ਸਿੰਘ ਮੋਹਣਾ, ਪਸ਼ੂ ਪਾਲਕਾਂ ਤੋਂ ਇਲਾਵਾ ਪਸ਼ੂ ਪਾਲਣ ਵਿਭਾਗ ਦੇ ਹੋਰ ਅਧਿਕਾਰੀ ਤੇ ਪੰਤਵੰਤੇ ਆਦਿ ਹਾਜ਼ਰ ਸਨ।

## ਤਰਕਸ਼ੀਲਾਂ ਵੱਲੋਂ ਦੋ ਦਿਵਸੀ ਛੇਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਸੰਪਨ ਹੋਈ

### ਸਥਾਨਕ ਇਕਾਈ ਵੱਲੋਂ ਸਥਾਪਿਤ 17 ਪ੍ਰੀਖਿਆ ਕੇਂਦਰਾਂ ਵਿੱਚ 36 ਸਕੂਲਾਂ ਦੇ 1900 ਵਿਦਿਆਰਥੀ ਪ੍ਰੀਖਿਆ ਵਿੱਚ ਸ਼ਾਮਲ ਹੋਏ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ

ਸੰਗਰੂਰ 22 ਅਕਤੂਬਰ : ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ 20 ਤੇ 21 ਅਕਤੂਬਰ ਨੂੰ ਸਾਰੇ ਪੰਜਾਬ ਵਿੱਚ ਵਿਗਿਆਨਕ ਚੇਤਨਾ ਪਰਖ਼ ਪ੍ਰੀਖਿਆ ਕਰਵਾਈ ਗਈ ।ਇਸ ਪ੍ਰੀਖਿਆ ਵਿੱਚ ਛੇਵੀਂ ਜਮਾਤ ਤੋਂ ਲੈ ਕੇ ਉਪਰਲੀਆਂ ਸਾਰੀਆਂ ਜਮਾਤਾਂ ਦੇ ਚਾਹਵਾਨ ਵਿਦਿਆਰਥੀਆਂ ਨੇ ਭਾਗ ਲਿਆ । ਇਕਾਈ ਸੰਗਰੂਰ ਵੱਲੋ 17 ਪ੍ਰੀਖਿਆ ਕੇਂਦਰਾਂ ਆਦਰਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ (190),ਸਸਸ ਸਕੂਲ ਬਾਲੀਆਂ(71), ਸਸਸਸਸਕੂਲ ਭਲਵਾਨ(48), ਸਸਸਸਕੂਲ ਬਡਰੁੱਖਾਂ(185), ਸਹਸਕੂਲ ਚੂੜਲ(51),ਸਹਸ



ਗਾਗਾ(59), ਸਹਸਕੂਲ ਹਰਿਆਊ (72), ਸਸਸਸ ਸਕੂਲ ਭਵਾਨੀਗੜ (ਲੜਕੀਆਂ) 224,ਬਚਪਨ ਇੰਗਲਿਸ਼ ਸਕੂਲ (123),ਸਸਸਸ ਮਹਿਲਾਂ (126),ਸਸਸ ਉਭਾਵਾਲ (82), ਸਸਸਸ ਤੁੰਗਾਂ (28), ਸਹਸਕੂਲ ਕੁਲਾਰ ਖ਼ੁਰਦ (61),ਸਸਸ ਥਲੇਸ (124),ਸੀਬਾ ਇੰਟਰਨੈਸ਼ਨਲ ਸਕੂਲ ਲਹਿਰਾ (226), ਸਸਸਸਸਕੂਲ ਸੰਗਤਪੁਰਾ (135),, ਸਪਰਿੰਗਡੇਲਜ ਪਬਲਿਕ ਸਕੂਲ (95) ਇਸ ਤਰ੍ਹਾਂ ਕੁਲ1900 ਵਿਦਿਆਰਥੀਆਂ ਨੇ ਪ੍ਰੀਖਿਆ ਵਿੱਚ ਸ਼ਮੂਲੀਅਤ ਕੀਤੀ।ਪ੍ਰੀਖਿਆ ਨਕਲ ਰਹਿਤ ਤੇ ਉਸਾਰੂ ਸੇਧ ਦਿੰਦੀ , ਗਿਆਨ ਵਰਧਕ, ਅਤੀ ਪ੍ਰਭਾਵਸ਼ਾਲੀ ਢੰਗ ਨਾਲ ਸੰਪਨ ਹੋਈ।ਇਸ ਦੀ ਸਫਲਤਾ ਲਈ ਸੀਤਾ ਰਾਮ ਬਾਲਦ ਕਲਾਂ, ਸੁਰਿੰਦਰ ਪਾਲ, ਕ੍ਰਿਸ਼ਨ ਸਿੰਘ ਦੁੱਗਾਂ, ਗੁਰਦੀਪ ਸਿੰਘ ਲਹਿਰਾ, ਪ੍ਰਗਟ ਸਿੰਘ ਬਾਲੀਆਂ, ਪਰਮਿੰਦਰ ਸਿੰਘ ਮਹਿਲਾਂ, ਮਾਸਟਰ ਗੁਰਜੰਟ ਸਿੰਘ,ਮਾਸਟਰ ਕਰਤਾਰ ਸਿੰਘ, ਲੈਕਚਰਾਰ ਜਸਦੇਵ ਸਿੰਘ, ਪ੍ਰਿੰਸੀਪਲ ਸੁਖਦੇਵ ਸਿੰਘ ਕਿਸ਼ਨਗੜ੍ਹ, ਲੈਕਚਰਾਰ ਹਰੀਸ਼ ਕੁਮਾਰ, ਲੈਕਚਰਾਰ ਲਖਵੀਰ ਸਿੰਘ,ਮਾਸਟਰ ਰਘਵੀਰ ਸਿੰਘ, ਸੁਖਪਾਲ ਸਿੰਘ,ਮਾਸਟਰ ਗੁਰਦੇਵ ਸਿੰਘ ਕੁਲਦੀਪ ਸਿੰਘ ਕੰਮੋਮਾਜਰਾ, ਗੁਰਸੇਵਕ ਸਿੰਘ, ਚਰਨਜੀਤ ਸਿੰਘ ਮੀਮਸਾ, ਰਾਮਪਾਲ ਸ਼ਰਮਾ, ਹਰਜੀਤ ਕੁਮਾਰ ਲੌਂਗੋਵਾਲ, ਲੈਕਚਰਾਰ ਜਸਵਿੰਦਰ ਸਿੰਘ, ਨਵਦੀਪ ਸਿੰਘ ਲੈਕਚਰਾਰ ਗੁਲਜ਼ਾਰ ਸਿੰਘ, ਪਰਮਜੀਤ ਕੌਰ, ਦੇਵਿੰਦਰ ਕੌਰ, ਮਨਦੀਪ ਕੌਰ, ਸਤਵੀਰ ਕੌਰ, ਮਾਸਟਰ ਨਰਿੰਦਰ ਸਿੰਘ ਲੈਕਚਰਾਰ ਸੰਜੀਵ,ਮਾਸਟਰ ਹਰਿੰਦਰ ਸਿੰਘ,ਮਾਸਟਰ ਸੁਖਵੀਰ ਸਿੰਘ ਲੈਕਚਰਾਰ ਧਨੀ ਰਾਮ, ਲੈਕਚਰਾਰ ਸਰਵਜੀਤ ਸਿੰਘ,ਮਾਸਟਰ ਰਣਜੀਤ ਸਿੰਘ, ਲੈਕਚਰਾਰ ਗੁਰਿੰਦਰ ਕੌਰ, ਸੰਬੰਧਤ ਸਕੂਲ ਮੁਖੀਆਂ ਤੇ ਅਧਿਆਪਕਾਂ ਦਾ ਜ਼ਿਕਰਯੋਗ ਯੋਗਦਾਨ, ਸਹਿਯੋਗ ਰਿਹਾ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਕਿਹਾ ਕਿ ਵਿਦਿਆਰਥੀਆਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਇਸ ਪ੍ਰੀਖਿਆ ਦਾ ਅਹਿਮ ਯੋਗਦਾਨ ਹੋਵੇਗਾ, ਵਿਗਿਆਨਕ ਸੋਚ ਦਾ ਸੁਨੇਹਾ ਦੇਣ ਲਈ ਇਹ ਪ੍ਰੀਖਿਆ ਸਫਲ ਰਹੀ।

# 46ਵੇਂ ਪ੍ਰੋ. ਮੋਹਨ ਸਿੰਘ ਯਾਦਗਾਰੀ ਅੰਤਰ- ਰਾਸ਼ਟਰੀ ਸਭਿਆਚਾਰਕ ਮੇਲੇ ਵਿੱਚ ਪੰਜ ਸ਼ਖਸੀਅਤਾਂ ਦਾ ਸਨਮਾਨ

## ਮੁੱਖ ਮਹਿਮਾਨਾਂ ਵਜੋਂ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ, ਗੁਰਮੀਤ ਸਿੰਘ ਖੁੱਡੀਆਂ,ਵਿਧਾਇਕ ਅਸ਼ੋਕ ਪਰਾਸ਼ਰ, ਵੀ ਸੀ ਡਾ. ਸਤਿਬੀਰ ਸਿੰਘ ਗੋਸਲ , ਮੁਹੰਮਦ ਸਦੀਕ ਤੇ ਚੇਅਰਮੈਨ ਨਵਜੋਤ ਸਿੰਘ ਮੰਡੇਰ ਪੁੱਜੇ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ: 22 ਅਕਤੂਬਰ : ਵੀਹਵੀਂ ਸਦੀ ਦੇ ਮਹਾਨ ਕਵੀ ਪ੍ਰੋ. ਮੋਹਨ ਸਿੰਘ ਜੀ ਦੀ ਯਾਦ ਵਿੱਚ 46 ਵੇਂ ਅੰਤਰ ਰਾਸ਼ਟਰੀ ਸੱਭਿਆਚਾਰਕ ਮੇਲੇ ਦਾ ਡਾ ਏ ਵੀ ਐੱਮ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਈਸਾ ਨਗਰੀ ਲੁਧਿਆਣਾ ਵਿਖੇ ਉਦਘਾਟਨ ਕਰਦਿਆਂ ਪੰਜਾਬ ਦੇ ਸ਼ਹਿਰੀ ਵਿਕਾਸ ਤੇ ਮਾਲ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਹੈ ਕਿ ਜਿਸ ਭਾਵਨਾ ਨਾਲ ਸ. ਜਗਦੇਵ ਸਿੰਘ ਜੱਸੋਵਾਲ ਜੀ ਨੇ ਇਸ ਮੇਲੇ ਦੀ ਆਰੰਭਤਾ ਕੀਤੀ ਸੀ ਉਸ ਨੂੰ ਬਣਾਈ ਰੱਖਣ ਲਈ ਸਾਰੀ ਦੁਨੀਆ ਵਿੱਚ ਵੱਸਦੇ ਪੰਜਾਬੀਆਂ ਨੂੰ ਇਸ ਦੀ ਸਰਪ੍ਰਸਤੀ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼ਹਿਰੀ ਵਿਕਾਸ ਮੰਤਰਾਲੇ ਵੱਲੋਂ ਕਿਸੇ ਕਾਲੋਨੀ ਦਾ ਨਾਮਕਰਨ ਪ੍ਰੋ. ਮੋਹਨ ਸਿੰਘ ਜੀ ਦੇ ਨਾਮ ਤੇ ਕੀਤਾ ਜਾਵੇਗਾ। ਪ੍ਰਬੰਧਕਾਂ ਦੀ ਮੰਗ ਅਨੁਸਾਰ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਤੋਂ ਪ੍ਰਵਾਨਗੀ ਲੈ ਕੇ ਇਸ ਮੇਲੇ ਨੂੰ ਸੱਭਿਆਚਾਰਕ ਮੇਲੇ ਦੇ ਸਾਲਾਨਾ ਕੈਲੰਡਰ ਵਿੱਚ ਸ਼ਾਮਿਲ ਕੀਤਾ ਜਾਵੇਗਾ। ਉਨ੍ਹਾਂ ਦੇ ਬੁੱਤ ਨੂੰ ਵੀ ਯੋਗ ਸਥਾਨ ਤੇ ਸੁਸ਼ੋਭਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਰੰਗਲਾ ਪੰਜਾਬ ਉਸਾਰਨ ਲਈ ਯੁਗ ਕਵੀ ਪ੍ਰੋ. ਮੋਹਨ ਸਿੰਘ ਵਾਂਗ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੀਆਂ ਲਿਖਤਾਂ ਦੀ ਬਹੁਤ ਲੋੜ ਹੈ ਤਾਂ ਜੋ ਪੰਜਾਬ ਨੂੰ ਨਸ਼ਾਮੁਕਤ ਕਰਨ, ਵਿਹਲੜ ਸੱਭਿਆਚਾਰ ਦੇ ਖਾਤਮੇ ਅਤੇ ਬਦੇਸ਼ਾਂ ਵੱਲ ਬੇਲੋੜੀ ਹੋੜ ਨੂੰ ਰੋਕਿਆ ਜਾ ਸਕੇ।

ਫਾਉਂਡੇਸ਼ਨ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਨੇ ਕਿਹਾ ਕੀ ਬਾਬਾ ਸਾਹਿਬ ਭੀਮ ਰਾਉ ਅੰਬੇਦਕਰ 1951 ਵਿੱਚ ਇਸ ਸਥਾਨ ਤੇ ਉਨ੍ਹਾਂ ਦੇ ਘਰ ਇੱਕ ਰਾਤ ਕੱਟ ਕੇ ਗਏ ਸਨ। ਇਹ ਸਕੂਲ ਉਨ੍ਹਾਂ ਦੀ ਯਾਦ ਵਿੱਚ ਮੇਰੇ ਪਿਤਾ ਜੀ ਸਾਬਕਾ ਵਿਧਾਇਕ ਬਾਬੂ ਅਜੀਤ ਕੁਮਾਰ ਨੇ ਗਰੀਬ ਬਸਤੀਆਂ ਦੇ ਲੋੜਵੰਦ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਖੋਲ੍ਹਿਆ ਸੀ।

ਪ੍ਰੋ. ਮੋਹਨ ਸਿੰਘ ਫਾਉਂਡੇਸ਼ਨ ਦੇ ਸਰਪ੍ਰਸਤ ਪਰਗਟ ਸਿੰਘ ਗਰੇਵਾਲ,ਪ੍ਰੋ. ਗੁਰਭਜਨ ਸਿੰਘ ਗਿੱਲ, ਪਿਰਥੀਪਾਲ ਸਿੰਘ ਬਟਾਲਾ, ਚੇਅਰਮੈਨ ਗੁਰਨਾਮ ਸਿੰਘ ਧਾਲੀਵਾਲ, ਪ੍ਰਧਾਨ ਰਾਜੀਵ ਕੁਮਾਰ ਲਵਲੀ, ਸਕੱਤਰ ਜਨਰਲ ਡਾ. ਨਿਰਮਲ ਜੌੜਾ,ਅਮਰਿੰਦਰ ਸਿੰਘ ਜੱਸੋਵਾਲ ਜਨਰਲ ਸਕੱਤਰ,ਸ਼ਰਨਪਾਲ ਸਿੰਘ ਮੱਕੜ,ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਜਸਵੰਤ ਸਿੰਘ ਛਾਪਾ, ਜਗਜਿੰਦਰ ਸਿੰਘ ਗਰੇਵਾਲ ਸਾਬਕਾ ਸਰਪੰਚ ਲਲਤੋਂ ਤੇ ਬਲਰਾਜ ਸਿੰਘ ਧਾਲੀਵਾਲ ਨੇ ਮੁੱਖ ਮਹਿਮਾਨ ਹਰਦੀਪ ਸਿੰਘ ਮੁੰਡੀਆਂ ਨੂੰ ਫੁਲਕਾਰੀ, ਪ੍ਰੋ. ਮੋਹਨ ਸਿੰਘ ਰਚਨਾਵਲੀ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।

ਸੁਆਗਤੀ ਸ਼ਬਦ ਬੋਲਦਿਆਂ ਫਾਉਂਡੇਸ਼ਨ ਦੇ ਸਰਪ੍ਰਸਤ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਵੀਹ ਅਕਤੂਬਰ 1905 ਨੂੰ ਯੁਗ ਕਵੀ ਪ੍ਰੋ. ਮੋਹਨ ਸਿੰਘ ਧਮਿਆਲ(ਰਾਵਲਪਿੰਡੀ) ਵਿੱਚ ਵੈਟਰਨਰੀ ਡਾ. ਜੋਧ ਸਿੰਘ ਜੀ ਦੇ ਘਰ ਪੈਦਾ ਹੋਏ ਸਨ। ਘੱਟ ਲੋਕ ਜਾਣਦੇ ਹਨ ਕਿ ਉਨ੍ਹਾਂ ਦਾ ਬਚਪਨ ਲੁਧਿਆਣਾ ਵਿੱਚ ਵੀ ਕੁਝ ਸਾਲ ਬੁੱਕਸ ਮਾਰਕੀਟ ਪਿਛਲੇ ਵੈਟਰਨਰੀ ਕਲਿਨਿਕ ਨੇੜਲੀ ਰਿਹਾਇਸ਼ ਵਿੱਚ ਵੀ ਬੀਤਿਆ। ਅੰਤਸੇ ਸਵਾਸ ਵੀ ਉਨ੍ਹਾਂ ਨੇ 3 ਮਈ 1978 ਨੂੰ ਲੁਧਿਆਣੇ ਹੀ ਤਿਆਗੇ। ਪ੍ਰੋ. ਮੋਹਨ ਸਿੰਘ ਜੀ ਨਾਲ ਕੀਤਾ ਇਕਰਾਰ ਨਿਭਾਉਂਦਿਆਂ ਸ. ਜਗਦੇਵ ਸਿੰਘ ਜੱਸੋਵਾਲ ਨੇ 1978 ਤੋਂ ਲੈ ਕੇ 2014 ਤੀਕ ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲਾ ਦੇਸ਼ ਬਦੇਸ਼ ਪਹੁੰਚਾਇਆ। ਹੁਣ ਉਨ੍ਹਾਂ ਦੇ ਸਾਥੀ ਇਹ ਧਰਮ ਨਿਭਾ ਰਹੇ ਹਨ।

ਸ਼ਾਮ ਦੇ ਸੈਸ਼ਨ ਦੀ ਪ੍ਰਧਾਨਗੀ ਪੰਜਾਬ ਦੇ ਖੇਤੀਬਾੜੀ ਤੇ ਪਸ਼ੂ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਇਹ ਮੇਲਾ ਵੇਖ ਵੇਖ ਕੇ ਹੀ ਜਵਾਨ ਹੋਏ ਹਾਂ। ਇਸ ਮੇਲੇ ਦੀ ਲਗਾਤਾਰਤਾ ਬਣਾਈ ਰੱਖਣ ਅਤੇ ਸ਼ਾਨ ਸਵਾਈ ਕਰਨ ਵਿੱਚ ਪੰਜਾਬ ਸਰਕਾਰ ਵੱਲੋਂਭਰਪੂਰ ਮਦਦ ਕੀਤੀ ਜਾਵੇਗੀ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਵੀ ਇਹੀ ਸੁਪਨਾ ਹੈ ਕਿ ਪੰਜਾਬ ਦੀ ਰਵਾਇਤੀ ਸ਼ਾਨ ਮੁੜ ਸੁਰਜੀਤ ਕੀਤੀ ਜਾਵੇ। ਪ੍ਰਬੰਧਕਾਂ ਵੱਲੋਂ ਸ. ਖੁੱਡੀਆਂ ਨੂੰ ਸਨਮਾਨਿਤ ਕੀਤਾ ਗਿਆ।






ਮੰਚ ਪੇਸ਼ਕਾਰੀਆਂ ਦਾ ਉਦਘਾਟਨ ਨਵਜੋਤ ਸਿੰਘ ਜਰਗ ਨੇ ਕੀਤਾ। ਉਸਨੇ ਢਾਡੀ ਵਾਰਾਂ ਗਾ ਕੇ ਚੰਗਾ ਰੰਗ ਬੰਨ੍ਹਿਆ। ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਡਾ. ਏ.ਵੀ.ਐਮ ਐਜੂਕੇਸ਼ਨਲ ਸੋਸਾਇਟੀ ਅਤੇ ਜਗਦੇਵ ਸਿੰਘ ਜੱਸੋਵਾਲ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਯੁਗ ਕਵੀ ਪ੍ਰੋ. ਮੋਹਨ ਸਿੰਘ ਦੀ ਯਾਦ ਵਿੱਚ 46ਵਾਂ ਪ੍ਰੋਫੈਸਰ ਮੋਹਨ ਸਿੰਘ ਯਾਦਗਾਰੀ ਪੰਜਾਬੀ ਸੱਭਿਆਚਾਰਕ ਮੇਲੇ ਵਿੱਚ ਸ਼ੇਰੇ ਪੰਜਾਬ ਭੰਗੜਾ ਕਲੱਬ ਬਟਾਲਾ ਦੇ ਕਲਾਕਾਰਾਂ ਵੱਲੋਂ ਪ੍ਰੋ. ਬਲਬੀਰ ਸਿੰਘ ਕੋਲ੍ਹਾ ਦੀ ਅਗਵਾਈ ਹੇਠ ਸਿਆਲਕੋਟੀ ਭੰਗੜਾ,ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਲੋਕ ਨਾਚਾਂ ਦੀ ਪੇਸ਼ਕਾਰੀ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਦੌਰਾਨ ਸਕੂਲ ਦੇ ਬੱਚਿਆਂ ਨੇ ਵੀ ਭੰਗੜਾ, ਗਿੱਧਾ ਸਣੇ ਹੋਰ ਸੱਭਿਆਚਾਰਕ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਸਤਬੀਰ ਸਿੰਘ ਗੋਸਲ, ਫਾਉਂਡੇਸ਼ਨ ਦੇ ਸਰਪ੍ਰਸਤ ਡਾ. ਗੁਰਭਜਨ ਸਿੰਘ ਗਿੱਲ, ਐਮ.ਐਲ.ਏ ਅਸ਼ੋਕ ਪਰਾਸ਼ਰ ਪੱਪੀ, ਫਾਊਂਡੇਸ਼ਨ ਦੇ ਸਕੱਤਰ ਜਨਰਲ ਡਾ. ਨਿਰਮਲ ਜੋੜਾ, ਸਾਬਕਾ ਐਮ.ਪੀ ਅਤੇ ਪ੍ਰਸਿੱਧ ਲੋਕ ਗਾਇਕ ਮੁਹੰਮਦ ਸਦੀਕ ਵੱਲੋਂ ਪੰਜਾਬੀ ਸੂਫੀ ਗਾਇਕੀ ਵਿੱਚ ਵਿਸ਼ੇਸ਼ ਸਥਾਨ ਰੱਖਣ ਵਾਲੇ ਜਯੋਤੀ ਨੂਰਾਂ, ਦੋਗਾਣਾ ਗਾਇਕੀ ਲਈ ਦੀਪ ਢਿਲੋਂ ਅਤੇ ਜੈਸਮੀਨ, ਪਰਵਾਸੀ ਪੰਜਾਬੀ ਸ਼ਾਇਰ ਹਰਜਿੰਦਰ ਕੰਗ, ਖੇਡਾਂ ਦੇ ਖੇਤਰ ਵਿੱਚੋਂ ਓਲੰਪੀਅਨ ਹਰਵੰਤ ਕੌਰ, ਪ੍ਰਵਾਸੀ ਪੰਜਾਬੀ ਨਿਰਮਲ ਸਿੰਘ ਅਮਰੀਕਾ, ਰਾਜ ਝੱਜ ਕੇਨੇਡਾ, ਦੀਪ ਢਿਲੋਂ ਅਤੇ ਜਾਸਮੀਨ ਜੱਸੀ ਤੇ ਸੰਗੀਤ ਨਿਰਦੇਸ਼ਕ ਤੇਜਵੰਤ ਕਿੱਟੂ ਨੂੰ ਵੱਖ-ਵੱਖ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਗਿਆ।

ਸਨਮਾਨ ਸਮਾਰੋਹ ਉਪਰੰਤ, ਜਯੋਤੀ ਨੂਰਾਂ, ਦੀਪ ਢਿਲੋਂ ਅਤੇ ਜੈਸਮੀਨ ਜੱਸੀ, ਲੋਕ ਗਾਇਕ ਰਵਿੰਦਰ ਗਰੇਵਾਲ, ਆਤਮਾ ਬੁਢੇਵਾਲੀਆ, ਜਸਵੰਤ ਸੰਦੀਲਾ, ਸ਼ਾਲਿਨੀ ਜਮਵਾਲ, ਰੁਪਿੰਦਰ ਕੌਰ, ਹੈਪੀ ਡੇਹਲੋਂ ਅਤੇ ਲਵ ਮਨਜੋਤ ਵੱਲੋਂ ਸਭਿਅਚਾਰਕ ਪੇਸ਼ਕਾਰੀਆਂ ਕੀਤੀਆਂ ਗਈਆਂ। ਜਦਕਿ ਪ੍ਰੋਗਰਾਮ ਦਾ ਸੰਚਾਲਨ ਬੀਬਾ ਮੀਨਾ ਮਹਿਰੋਕ ਅਤੇ ਕਰਮਜੀਤ ਗਰੇਵਾਲ ਵੱਲੋਂ ਕੀਤਾ ਗਿਆ।

ਉਹਨਾਂ ਦੱਸਿਆ ਹੈ ਕਿ ਇਸ ਮੇਲੇ ਦੇ ਆਯੋਜਨ ਦਾ ਉਦੇਸ਼ ਸਾਡੀ ਆਉਣ ਵਾਲੀ ਪੀੜੀਆਂ ਨੂੰ ਅਮੀਰ ਪੰਜਾਬੀ ਵਿਰਸੇ ਨਾਲ ਜੋੜੀ ਰੱਖਣਾ ਹੈ। ਇਸ ਮੌਕੇ ਲੋਕ ਗਾਇਕਾਂ ਅਤੇ ਸਕੂਲ ਦੇ ਬੱਚਿਆਂ ਵੱਲੋਂ ਦਿੱਤੀਆਂ ਗਈਆਂ ਪੇਸ਼ਕਸ਼ਾਂ ਬਹੁਤ ਹੀ ਸ਼ਲਾਘਯੋਗ ਹਨ। ਸਾਡੀ ਕੋਸ਼ਿਸ਼ ਰਹੇਗੀ ਕਿ ਇਸ ਮੇਲੇ ਨੂੰ ਭਵਿੱਖ ਵਿੱਚ ਹੋਰ ਵੀ ਸ਼ਿਖਰਾਂ ਤੇ ਪਹੁੰਚਾਇਆ ਜਾਵੇ।

ਉਹਨਾਂ ਨੇ ਮੇਲੇ ਨੂੰ ਕਾਮਯਾਬ ਬਣਾਉਣ ਲਈ ਵਡਮੁੱਲਾ ਯੋਗਦਾਨ ਪਾਉਣ ਵਾਲੇ ਨਗਰ ਨਿਗਮ ਦੇ ਜੋਨਲ ਕਮਿਸ਼ਨਰ ਜਸਦੇਵ ਸਿੰਘ ਸੇਖੋਂ, ਜਿਲਾ ਯੋਜਨਾ ਬੋਰਡ ਦੇ ਚੇਅਰਮੈਨ ਸ਼ਰਨਪਾਲ ਸਿੰਘ ਮੱਕੜ, ਮਨਿੰਦਰ ਸਿੰਘ ਥਿੰਦ, ਰਜਿੰਦਰ ਸਿੰਘ ਫਾਈਨਟੋਨ, ਹਰਨੇਕ ਸਿੰਘ ਗਰੇਵਾਲ ਰਾਏਕੋਟ, ਮਨੀ ਗਰੇਵਾਲ, ਸੰਦੀਪ ਸਿੰਘ ਰੁਪਾਲੋਂ,ਜਸਵੰਤ ਸਿੰਘ ਛਾਪਾ, ਅਮਰਜੀਤ ਸਿੰਘ ਸ਼ੇਰਪੁਰੀ, ਪ੍ਰਤੀਕ ਇੰਦਰ ਸਿੰਘ ਗਰੇਵਾਲ, ਬਲਵਿੰਦਰ ਸਿੰਘ ਗਰੇਵਾਲ, ਹਰਬਰਿੰਦਰ ਪਾਲ ਸਿੰਘ ਜਸੋਵਾਲ, ਦਿਲਬਾਗ ਸਿੰਘ ਖਤਰਾਏ ਕਲਾਂ, ਅਮੋਲਕ ਸਿੰਘ, , ਗੌਰਵ ਮਹਿੰਦਰੂ, ਤਨਿਸ਼ਕ ਕਨੌਜੀਆ, ਬਲਵਿੰਦਰ ਸਿੰਘ ਗੋਲਡੀ ਸਣੇ ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਪ੍ਰਿੰਸੀਪਲ ਮਨੀਸ਼ਾ ਗਾਬਾ ਅਤੇ ਸਮੂਹ ਸਟਾਫ ਮੈਂਬਰਾਂ ਦਾ ਵੀ ਧੰਨਵਾਦ ਪ੍ਰਗਟਾਇਆ ਗਿਆ।

# ਯੁਗ ਕਵੀ ਪ੍ਰੋ. ਮੋਹਨ ਸਿੰਘ: ਯਾਦਾਂ ਦੀ ਖਿੜਕੀ ਵਿੱਚੋਂ ਝਾਕਦਿਆਂ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਅੱਜ ਦੇ ਦਿਨ ਵੀਹ ਅਕਤੂਬਰ 1905 ਨੂੰ ਯੁਗ ਕਵੀ ਪ੍ਰੋ. ਮੋਹਨ ਸਿੰਘ ਧਮਿਆਲ(ਰਾਵਲਪਿੰਡੀ) ਵਿੱਚ ਵੈਟਰਨਰੀ ਡਾ. ਜੋਧ ਸਿੰਘ ਜੀ ਦੇ ਘਰ ਪੈਦਾ ਹੋਏ ਸਨ। ਘੱਟ ਲੋਕ ਜਾਣਦੇ ਹਨ ਕਿ ਉਨ੍ਹਾਂ ਦਾ ਬਚਪਨ ਲੁਧਿਆਣਾ ਵਿੱਚ ਵੀ ਕੁਝ ਸਾਲ ਬੁੱਕਸ ਮਾਰਕੀਟ ਪਿਛਲੇ ਵੈਟਰਨਰੀ ਕਲਿਨਿਕ ਨੇੜਲੀ ਰਿਹਾਇਸ਼ ਵਿੱਚ ਵੀ ਬੀਤਿਆ। ਅੰਤਸੇ ਸਵਾਸ ਵੀ ਉਨ੍ਹਾਂ ਨੇ 3 ਮਈ 1978 ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇੜਲੇ ਆਪ ਉਸਾਰੇ ਘਰ ਵਿੱਚ ਜੀਵਨ ਸਾਥਣ ਸੁਰਜੀਤ ਕੌਰ ਦੀ ਹਾਜ਼ਰੀ ਵਿੱਚ ਦਿੱਤੇ। ਉਨ੍ਹਾਂ ਦੀ ਅੰਤਿਮ ਯਾਤਰਾ ਲਈ ਅਜੋਕੇ ਮਲਹਾਰ ਰੋਡ ਰਾਹੀਂ ਕਾਫ਼ਲਾ ਪੈਦਲ ਗਿਆ ਸੀ ਮਾਡਲ ਟਾਊਨ ਐਕਸਟੈਨਸ਼ਨ ਦੇ ਸਿਵਿਆਂ ਵਿੱਚ। ਉਦੋਂ ਏਥੇ ਨਹਿਰੀ ਸੂਆ ਹੁੰਦਾ ਸੀ ਜੋ ਯੂਨੀਵਰਸਿਟੀ ਦੀ ਜ਼ਮੀਨ ਸਿੰਜਦਾ ਸੀ। ਪਰਕਾਸ਼ ਸਿੰਘ ਬਾਦਲ ਸਰਕਾਰ ਨੇ ਸ. ਕੁਲਵੰਤ ਸਿੰਘ ਵਿਰਕ ਜੀ ਦੀ ਪ੍ਰੇਰਨਾ ਨਾਲ ਉਨ੍ਹਾਂ ਦਾ ਰਾਜਕੀ ਸਨਮਾਨ ਸਹਿਤ ਅੰਤਿਮ ਸੰਸਕਾਰ ਕੀਤਾ ਸੀ।

ਕੁਝ ਕਦਮ ਉਨ੍ਹਾਂ ਨੂੰ ਮੋਢਾ ਦੇਣ ਦਾ ਮਾਣ ਮੈਨੂੰ ਵੀ ਮਿਲਿਆ। ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਸ ਸ ਨਰੂਲਾ, ਸੋਹਣ ਸਿੰਘ ਸੀਤਲ, ਅਜਾਇਬ ਚਿਤਰਕਾਰ, ਕ੍ਰਿਸ਼ਨ ਅਦੀਬ,ਗੁਲਜ਼ਾਰ ਸਿੰਘ ਸੰਧੂ ਤੇ ਸੁਰਜੀਤ ਪਾਤਰ ਬੇਹੱਦ ਉਦਾਸ ਸਨ ਬਾਕੀ ਕਾਫ਼ਲੇ ਤੋਂ ਕੁਝ ਵਧੇਰੇ।

ਐਮਰਜੰਸੀ ਹਟਣ ਉਪਰੰਤ ਹੋਈਆਂ ਚੋਣਾਂ ਵਿੱਚ ਜਦ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਵਿੱਚ ਪਹਿਲੀ ਵਾਰ ਕੇਂਦਰ ਵਿੱਚ ਗੈਰ ਕਾਂਗਰਸ ਸਰਕਾਰ ਬਣੀ ਤਾਂ ਲੋਕਾਂ ਘਿਉ ਦੇ ਦੀਵੇ ਬਾਲ਼ੇ।

ਪਰ ਪ੍ਰੋ. ਮੋਹਨ ਸਿੰਘ ਜੀ ਨੇ ਲਿਖਿਆ:

ਨਾ ਹਿਣਕੋ ਘੋੜਿਉ, ਬੇਸ਼ੱਕ ਨਵਾਂ ਨਿਜ਼ਾਮ ਆਇਆ।
ਨਵਾਂ ਨਿਜ਼ਾਮ ਹੈ ਲੈ ਕੇ ਨਵੀਂ ਲਗਾਮ ਆਇਆ।
ਅਯੁੱਧਿਆ ਵਿੱਚ ਅਜੇ ਵੀ ਭੀੜ ਬੜੀ,
ਪਿਆ ਕੀ ਫ਼ਰਕ ਜੇ ਰਾਵਣ ਗਿਆ ਤੇ ਰਾਮ ਆਇਆ।

ਪ੍ਰੋ. ਮੋਹਨ ਸਿੰਘ ਜੀ ਨਾਲ ਕੀਤਾ ਇਕਰਾਰ ਨਿਭਾਉਂਦਿਆਂ ਸ. ਜਗਦੇਵ ਸਿੰਘ ਜੱਸੋਵਾਲ ਨੇ 1978 ਤੋਂ ਲੈ ਕੇ 2014 ਤੀਕ ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲਾ ਦੇਸ਼ ਬਦੇਸ਼ ਪਹੁੰਚਾਇਆ। ਹੁਣ ਉਨ੍ਹਾਂ ਦੇ ਸਾਥੀ ਇਹ ਧਰਮ ਨਿਭਾ ਰਹੇ ਹਨ।

ਪ੍ਰੋ. ਮੋਹਨ ਸਿੰਘ ਜੀ ਦਾ ਕਾਫੀ ਕਲਾਮ ਫਾਉਂਡੇਸ਼ਨ ਵੱਲੋਂ ਰੀਕਾਰਡ ਕੀਤਾ ਗਿਆ। ਡਾ. ਸੁਖਨੈਨ, ਨਰਿੰਦਰ ਬੀਬਾ, ਚਰਨ ਸਿੰਘ ਆਲਮਗੀਰ ਢਾਡੀ ਤੇ ਹਰਦੇਵ ਸਿੰਘ ਜਰਗ ਨੇ ਉਨ੍ਹਾਂ ਦੇ ਕਲਾਮ ਦੀਆਂ ਸੰਪੂਰਨ ਕੈਸਿਟਸ ਕਰਵਾਈਆਂ।

ਮੁਹੰਮਦ ਸਦੀਕ ਜੀ ਦੀ ਕੋਸ਼ਿਸ਼ ਸਦਕਾ ਪਹਿਲੀ ਕੈਸਿਟ "ਨਗ ਪੰਜਾਬ ਦਾ" ਸਿਰਕੱਢ ਗਾਇਕ ਸਵਰਨ ਲਤਾ, ਕੁਲਦੀਪ ਮਾਣਕ, ਦੀਦਾਰ ਸੰਧੂ, ਰਣਜੀਤ ਕੌਰ ਤੇ ਮੁਹੰਮਦ ਸਦੀਕ ਨੇ ਗਾਈ। ਇਸ ਦੀ ਕੁਮੈਂਟਰੀ ਡਾ. ਸੁਰਜੀਤ ਪਾਤਰ ਜੀ ਨੇ ਕੀਤੀ। ਮੇਲਾ ਨਾਮ ਹੇਠ ਹੰਸ ਰਾਜ ਹੰਸ,ਹਰਭਜਨ ਮਾਨ, ਸਰਦੂਲ ਸਿਕੰਦਰ, ਅਮਰ ਨੂਰੀ, ਅੰਮ੍ਰਿਤਾ ਦੀਪਕ ਨੇ ਵੀ ਉਨ੍ਹਾਂ ਦਾ ਕਲਾਮ ਗਾਇਆ।

ਇਸ ਦੇ ਨਾਲ ਹੀ ਨਰਿੰਦਰ ਬੀਬਾ ਜੀ ਦੀ 1989 ਵਿੱਚ ਗਾਈ ਕੈਸਿਟ "ਮੈਂ ਸ਼ੀਂਹਣੀ ਪੰਜ ਦਰਿਆ ਦੀ" ਭੇਜ ਰਿਹਾਂ। ਇਸ ਦੀ ਜਾਣ ਪਛਾਣ ਮੈਂ ਕਰਵਾਈ ਸੀ। ਪੇਸ਼ ਹਨ ਪ੍ਰੋ. ਮੋਹਨ ਸਿੰਘ ਜੀ ਦੀਆਂ ਕੁਝ ਰਚਨਾਵਾਂ।



ਯੁਗ ਕਵੀ ਪ੍ਰੋ. ਮੋਹਨ ਸਿੰਘ

ਪਰੀਏ ਨੀ ਪਰੀਏ
ਉਮਰਾਂ ਦੇ ਪੁਲਾਂ ਹੇਠੋਂ ਲੰਘ ਗਿਆ ਪਾਣੀ
ਰੇਤੜ ਵਿਚ ਕਿੰਜ ਤਰੀਏ ?

ਪਰੀਏ ਨੀ ਪਰੀਏ
ਨਾਲ ਪਾਵੇ ਜਦ ਕਾਲ ਸੀ ਬੰਨ੍ਹਿਆ
ਉਹ ਘੜੀਆਂ ਕਿੰਜ ਫੜੀਏ ?
ਪਰੀਏ ਨੀ ਪਰੀਏ
ਗਗਨਾਂ ਦੇ ਘੋੜੇ 'ਤੇ ਚੰਨ ਦੀ ਕਾਠੀ
ਪਾ ਕਿੱਦਾਂ ਮੁੜ ਚੜ੍ਹੀਏ ?

ਪਰੀਏ ਨੀ ਪਰੀਏ
ਤਰੁੰਡ ਅਕਾਸ਼ਾਂ ਦੇ ਛਬਿਉਂ ਛਬੀਆਂ
ਪੈਰ ਤੇਰੇ ਕਿੰਜ ਧਰੀਏ ?

ਪਰੀਏ ਨੀ ਪਰੀਏ
ਦੁੱਧਾ ਥਣੀਂ ਨਾ ਆਵੇ ਮੁੜ ਕੇ
ਜੇ ਲੱਖ ਹੀਲਾ ਕਰੀਏ ?

ਪਰੀਏ ਨੀ ਪਰੀਏ
ਖਾਲੀ ਸੁਰਾਹੀ ਤੇ ਸਖਣੇ ਪਿਆਲੇ
ਘੁਟ ਕਿੰਜ ਨਸ਼ਿਆਂ ਦਾ ਭਰੀਏ ?

ਪਰੀਏ ਨੀ ਪਰੀਏ
ਗੁੜ ਹੋਵੇ ਤਾਂ ਵੰਡ ਮੁਕਾਈਏ
ਦਰਦਾਂ ਦਾ ਕੀ ਕਰੀਏ ?

2.

ਕਾਲੀਆਂ, ਨੀਲੀਆਂ ਅਤੇ ਊਦੀਆਂ
ਝੂਮ ਘਟਾਵਾਂ ਆਈਆਂ ਵੇ,
ਧਰਤੀ ਰੱਜੀ ਅਸੀਂ ਪਿਆਸੇ,
ਤੇਰੀਆਂ ਬੇਪਰਵਾਹੀਆਂ ਵੇ,
ਕਾਲੀਆਂ, ਨੀਲੀਆਂ ...

ਬਾਜਰਿਆਂ ਨੂੰ ਪੈ ਗਿਆ ਦਾਣਾ
ਰਸਿਆ ਅੰਬ ਪੱਕਿਆ ਹਦਵਾਣਾ
ਚਰੀਆਂ ਰੰਗ ਜ਼ੰਗਾਰੀ ਫੜਿਆ
ਤੂੰ ਨਾ ਵਟੀਆਂ ਵਾਹੀਆਂ ਵੇ,
ਕਾਲੀਆਂ, ਨੀਲੀਆਂ ...

ਭਰ ਕੇ ਉਛਲੇ ਨਦੀਆਂ ਨਾਲੇ
ਭੋਂ ਤੋਂ ਮੀਂਹ ਨਾ ਜਾਣ ਸੰਭਾਲੇ
ਘਾਹਾਂ ਨੇ ਹਨ ਰਸਤੇ ਕੱਜੇ
ਰਾਹ ਭੁੱਲ ਗਏ ਰਾਹੀਆਂ ਵੇ,
ਕਾਲੀਆਂ, ਨੀਲੀਆਂ ...

ਧੁੱਪਾਂ ਦੇ ਗਲ ਛਾਵਾਂ ਲਗੀਆਂ
ਪਾਣੀਆਂ ਗਲ ਹਵਾਵਾਂ ਲਗੀਆਂ
ਧਰਤੀ ਦੇ ਗਲ ਅੰਬਰ ਲਗੇ
ਸਖਣੀਆਂ ਸਾਡੀਆਂ ਬਾਹੀਆਂ ਵੇ,
ਕਾਲੀਆਂ, ਨੀਲੀਆਂ ...

ਨਿੱਕੀਆਂ ਨਿੱਕੀਆਂ ਪੈਣ ਫੁਹਾਰਾਂ
ਧਰਤੀ ਆਈ ਵਿਚ ਨਿਖਾਰਾਂ
ਛੰਭਾਂ ਉਤੇ ਕਮੀਆਂ ਤਰੀਆਂ
ਤੂੰ ਨਾ ਵਟੀਆਂ ਵਾਹੀਆਂ ਵੇ,
ਕਾਲੀਆਂ, ਨੀਲੀਆਂ ...

ਮਟ ਦਾਰੂ ਦੇ ਮੇਘਾਂ ਡੋਹਲੇ
ਮੈਖ਼ਾਨੇ ਦੇ ਬੂਹੇ ਖੋਹਲੇ
ਐਪਰ ਸੁੱਕੇ ਬੁੱਲ੍ਹ ਅਸਾਡੇ
ਸਖਣੀਆਂ ਜਾਮ ਸੁਰਾਹੀਆਂ ਵੇ,
ਕਾਲੀਆਂ, ਨੀਲੀਆਂ ...

ਮੇਘਾਂ ਬਿਜਲੀ ਲਈ ਕਲਾਵੇ
ਚਾਨਣ ਨ੍ਹੇਰੇ ਨੂੰ ਗਲ ਲਾਵੇ
ਐਪਰ ਸਾਡੀ ਜਿੰਦ ਇਕਲੀ
ਤੇਰੀਆਂ ਬੇਪਰਵਾਹੀਆਂ ਵੇ,
ਕਾਲੀਆਂ, ਨੀਲੀਆਂ ...

3.

ਬਹੁਤੀ ਬੀਤ ਗਈ ਵਾਅਦਿਆਂ ਤੇ ਲਾਰਿਆਂ ਦੇ ਨਾਲ
ਬਾਕੀ ਕੱਟ ਲਾਂਗੇ ਯਾਦਾਂ ਦੇ ਸਹਾਰਿਆਂ ਦੇ ਨਾਲ ।

ਅਸਾਂ ਇਸ਼ਕ ਨੂੰ ਹੰਢਾਇਆ ਹੱਡ ਮਾਸ ਦੀ ਤਰ੍ਹਾਂ
ਉਨ੍ਹਾਂ ਪਹਿਨਿਆਂ ਪਰੀਤ ਨੂੰ ਲਿਬਾਸ ਦੀ ਤਰ੍ਹਾਂ
ਪਰ ਲੜੇ ਕੌਣ ਜਾਨ ਤੋਂ ਪਿਆਰਿਆਂ ਦੇ ਨਾਲ...

ਉਨ੍ਹਾਂ ਵਾਂਗ ਦਰਿਆਵਾਂ ਕਈ ਵਹਿਣ ਬਦਲੇ
ਉਨ੍ਹਾਂ ਵਾਰ ਵਾਰ ਸੁੱਖ ਅਤੇ ਚੈਨ ਬਦਲੇ
ਮਾਧੋ ਬਦਲੇ, ਮਗਰ ਨਾ ਹੁਸੈਨ ਬਦਲੇ
ਕਦੋਂ ਨਦੀਆਂ ਨਿਭਾਉਂਦੀਆਂ ਕਿਨਾਰਿਆਂ ਦੇ ਨਾਲ...

ਕੱਚੀ ਕੁੱਲੀ ਨਾਲ ਕਦੀ ਜੇ ਪਰੀਤ ਪਾਉਂਦੇ
ਸੱਚੀ ਸੁੱਚੀ ਮਹਿਕ ਮਿੱਟੀ ਦੀ ਅਸੀਂ ਹੰਢਾਉਂਦੇ
ਮੱਥਾ ਭੰਨ ਲਿਆ ਦਿੱਲੀ ਦੇ ਚੁਬਾਰਿਆਂ ਦੇ ਨਾਲ...

ਜੇ ਤੂੰ ਅੰਤ ਰਲ ਜਾਵਣਾ ਰਵਾਜ ਨਾਲ ਸੀ
ਸੁੱਕੇ ਪੱਤਰਾਂ ਤੋਂ ਲੰਘਣਾਂ ਮਜਾਜ ਨਾਲ ਸੀ
ਕਾਹਨੂੰ ਖੇਡਣਾ ਸੀ ਫੁੱਲਾਂ ਦਿਆਂ ਖਾਰਿਆਂ ਦੇ ਨਾਲ...

ਏਸ ਧਰਤੀ ਤੋਂ ਕਈ ਕਾਰਵਾਨ ਲੰਘ ਗਏ
ਤੁਰ ਤੁਰ ਕੇ ਜ਼ਿਮੀ ਤੇ ਆਸਮਾਨ ਹੰਭ ਗਏ
ਏਸ ਦਿਲ ਦੇ ਵੀ ਆਖ਼ਰਾਂ ਪਰਾਣ ਸੰਭ ਗਏ
ਚਲੋ ਸਾਡੇ ਵਲੋਂ ਨਿਭ ਗਈ ਪਿਆਰਿਆਂ ਦੇ ਨਾਲ...